ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
ਇੰਡੀਅਨ ਵੀਜ਼ਾ OCI & Passport Renewal 514-389-7070
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

ਜਬਰਨ ਵਸੂਲੀਆਂ ਖ਼ਿਲਾਫ਼ ਸਰੀ 'ਚ 20 ਹੋਰ RCMP ਅਧਿਕਾਰੀ ਤਾਇਨਾਤ

ਮਲਕੀਤ ਸਿੰਘ

ਵੈਨਕੂਵਰ: ਕੈਨੇਡਾ ਦੇ ਸਰੀ ਸ਼ਹਿਰ 'ਚ ਵੱਧ ਰਹੇ ਜਬਰਦਸਤੀ ਵਸੂਲੀ ਦੇ ਮਾਮਲਿਆਂ ਨੂੰ ਕਾਬੂ ਕਰਨ ਲਈ ਫ਼ੈਡਰਲ ਸਰਕਾਰ ਵਲੋਂ 20 ਹੋਰ ਪੁਲੀਸ ਅਧਿਕਾਰੀ ਤਾਇਨਾਤ ਕੀਤੇ ਜਾ ਰਹੇ ਹਨ। ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਦੱਸਿਆ ਹੈ ਕਿ ਕਨੇਡਾ ਦੀ ਰਾਜਧਾਨੀ ਔਟਵਾ ਵਲੋਂ ਸ਼ਹਿਰ ਨੂੰ ਵਾਧੂ ਪੁਲੀਸ ਸਰੋਤ ਮੁਹੱਈਆ ਕਰਵਾਉਣ ਬਾਰੇ ਸੂਚਿਤ ਕੀਤਾ ਗਿਆ ਹੈ।

ਮੇਅਰ ਬ੍ਰੈਂਡਾ ਲੌਕ ਨੇ ਕਿਹਾ ਕਿ ਸ਼ਹਿਰ 'ਚ ਪਿਛਲੇ ਕੁਝ ਸਮੇਂ ਦੌਰਾਨ ਘਰਾਂ ਅਤੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਂਦੀਆਂ ਗੋਲੀਬਾਰੀ ਦੀਆਂ ਘਟਨਾਵਾਂ ਨਾਲ ਲੋਕਾਂ 'ਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਅਜਿਹੇ 'ਚ ਵਾਧੂ ਪੁਲੀਸ ਫ਼ੋਰਸ ਦੀ ਤਾਇਨਾਤੀ ਨਾਲ ਜ਼ਬਰਦਸਤੀ ਵਸੂਲੀ ਕਰਨ ਵਾਲੇ ਗਿਰੋਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ 'ਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਵਾਧੂ ਸਰੋਤ ਪੁਲੀਸ ਦੀਆਂ ਜਾਂਚਾਂ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਲੋਕਾਂ 'ਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਗੇ। ਮੇਅਰ ਨੇ ਜ਼ੋਰ ਦੇ ਕੇ ਕਿਹਾ ਕਿ ਸ਼ਹਿਰ ਪ੍ਰਸ਼ਾਸਨ ਵਲੋਂ ਪੁਲੀਸ ਅਤੇ ਹੋਰ ਸੁਰੱਖਿਆ ਏਜੰਸੀਆਂ ਨਾਲ ਮਿਲ ਕੇ ਅਪਰਾਧੀਆਂ ਖ਼ਿਲਾਫ਼ ਪੂਰੀ ਤਾਕਤ ਨਾਲ ਮੁਕਾਬਲਾ ਕੀਤਾ ਜਾਵੇਗਾ।

ਸੂਬੇ ਦੇ ਪ੍ਰੀਮੀਅਰ ਵਲੋਂ ਜ਼ਬਰਦਸਤੀ ਵਸੂਲੀਆਂ ਦੇ ਮਾਮਲਿਆਂ ਸਬੰਧੀ ਵੱਖ-ਵੱਖ ਸੂਬਿਆਂ ਦੇ ਅਧਿਕਾਰੀਆਂ ਦੀ ਮੀਟਿੰਗ ਬੁਲਾਉਣ ਦੇ ਐਲਾਨ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ। ਸਰਕਾਰ ਦਾ ਮਕਸਦ ਅਪਰਾਧੀ ਨੈੱਟਵਰਕਾਂ ਨੂੰ ਤੋੜਨਾ ਅਤੇ ਆਮ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ।

ਸਰੀ ਪੁਲੀਸ ਵਲੋਂ ਦੋ ਪੰਜਾਬੀ ਗ੍ਰਿਫ਼ਤਾਰ, ਤਸਵੀਰਾਂ ਜਾਰੀ

ਮਲਕੀਤ ਸਿੰਘ

ਵੈਨਕੂਵਰ: ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ 'ਚ ਬੀਤੇ ਦਿਨੀਂ ਤੜਕੇ ਵਾਪਰੇ ਇੱਕ ਗੋਲੀਕਾਂਡ ਦੇ ਮਾਮਲੇ 'ਚ ਸਰੀ ਪੁਲੀਸ ਸੇਵਾ ਨੇ ਗ੍ਰਿਫ਼ਤਾਰ ਕੀਤੇ ਦੋ ਨੌਜਵਾਨਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਪੁਲੀਸ ਦਾ ਕਹਿਣਾ ਹੈ ਕਿ ਇਹ ਤਸਵੀਰਾਂ ਜਨਤਾ ਤੋਂ ਜਾਣਕਾਰੀ ਪ੍ਰਾਪਤ ਕਰਨ ਦੇ ਮਕਸਦ ਨਾਲ ਜਾਰੀ ਕੀਤੀਆਂ ਗਈਆਂ ਹਨ।ਪੁਲੀਸ ਮੁਤਾਬਿਕ ਇਸ ਮਾਮਲੇ 'ਚ 21 ਸਾਲਾ ਹੰਸਪ੍ਰੀਤ ਸਿੰਘ ਅਤੇ 20 ਸਾਲਾ ਹਰਸ਼ਦੀਪ ਸਿੰਘ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਦੋਹਾਂ 'ਤੇ ਤੜਕੇ ਹੋਈ ਗੋਲੀਬਾਰੀ ਨਾਲ ਸੰਬੰਧਿਤ ਗੰਭੀਰ ਦੋਸ਼ ਲਗਾਏ ਗਏ ਹਨ। ਹਾਲਾਂਕਿ ਜਾਂਚ ਕਰ ਰਹੀ ਟੀਮ ਨੇ ਸਪੱਸ਼ਟ ਕੀਤਾ ਹੈ ਕਿ ਇਸ ਘਟਨਾ ਨੂੰ ਹਾਲੇ ਤਕ ਜਬਰਦਸਤੀ ਵਸੂਲੀ ਦੇ ਮਾਮਲਿਆਂ ਨਾਲ ਨਹੀਂ ਜੋੜਿਆ ਗਿਆ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਅਜੇ ਸ਼ੁਰੂਆਤੀ ਪੜਾਅ 'ਚ ਹੈ ਅਤੇ ਹਰ ਪੱਖੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ। ਪੁਲੀਸ ਦਾ ਕਹਿਣਾ ਹੈ ਕਿ ਜਨਤਾ ਦੇ ਸਹਿਯੋਗ ਨਾਲ ਮਾਮਲੇ ਦੀ ਗਹਿਰਾਈ ਤਕ ਪਹੁੰਚਣ 'ਚ ਮਦਦ ਮਿਲ ਸਕਦੀ ਹੈ ਅਤੇ ਹੋਰ ਸੰਭਾਵਿਤ ਤੱਥ ਸਾਹਮਣੇ ਆ ਸਕਦੇ ਹਨ।

ਅਮਰੀਕਾ 'ਚ ਆਇਆ ਬੈਂਕਿੰਗ ਸੰਕਟ



ਸ਼ਿਕਾਗੋ: ਅਮਰੀਕਾ 'ਚ ਇਸ ਸਾਲ ਬੈਂਕ ਫ਼ੇਲ੍ਹ ਹੋਣ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਇਲੇਨੋਏ ਡਿਪਾਰਟਮੈਂਟ ਔਫ਼ ਫ਼ਾਈਨੈਂਸ਼ਲ ਐਂਡ ਪ੍ਰੋਫ਼ੈਸ਼ਨਲ ਰੈਗੂਲੇਸ਼ਨ ਨੇ ਸ਼ਿਕਾਗੋ ਸਥਿਤ ਮੈਟਰੋਪੋਲਿਟਨ ਕੈਪੀਟਲ ਬੈਂਕ ਐਂਡ ਟ੍ਰਸਟ ਨੂੰ ਅਸੁਰੱਖਿਅਤ ਸਥਿਤੀਆਂ ਅਤੇ ਪੂੰਜੀ ਦੀ ਕਮੀ ਕਾਰਨ ਬੰਦ ਕਰ ਦਿੱਤਾ ਹੈ। ਇਸ ਬੈਂਕ ਦੇ ਸਾਰੇ ਖਾਤਿਆਂ ਅਤੇ ਸੰਪਤੀਆਂ ਨੂੰ ਹੁਣ ਡੈਟਰਾਇਟ ਦੇ ਫ਼ਸਟ ਇੰਡੀਪੈਂਡੈਂਸ ਬੈਂਕ ਵਲੋਂ ਸੰਭਾਲਿਆ ਜਾਵੇਗਾ।

ਬੈਂਕ ਦੇ ਬੰਦ ਹੋਣ ਨਾਲ ਗਾਹਕਾਂ ਨੂੰ ਘਬਰਾਉਣ ਦੀ ਲੋੜ ਨਹੀਂ। FDIC ਨੇ ਪੁਸ਼ਟੀ ਕੀਤੀ ਹੈ ਕਿ ਸਾਰੀਆਂ ਜਮ੍ਹਾਂ ਰਾਸ਼ੀਆਂ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਬੀਮਾ ਅਧੀਨ ਹਨ। ਮੈਟਰੋਪੋਲਿਟਨ ਕੈਪੀਟਲ ਬੈਂਕ ਦਾ ਮੁੱਖ ਦਫ਼ਤਰ ਫ਼ਸਟ ਇੰਡੀਪੈਂਡੈਂਸ ਬੈਂਕ ਦੀ ਸ਼ਾਖਾ ਵਜੋਂ ਆਮ ਕੰਮਕਾਜੀ ਘੰਟਿਆਂ ਦੌਰਾਨ ਖੁੱਲ੍ਹੇਗਾ। ਗਾਹਕਾਂ ਦੇ ਐਕਾਊਂਟ ਨੰਬਰ ਅਤੇ ਰਾਊਟਿੰਗ ਨੰਬਰ ਫ਼ਿਲਹਾਲ ਉਹੀ ਰਹਿਣਗੇ ਜਦੋਂ ਤਕ ਬੈਂਕ ਵਲੋਂ ਲਿਖਤੀ ਸੂਚਨਾ ਨਹੀਂ ਮਿਲਦੀ। ਗਾਹਕ ਆਪਣੇ ਚੈੱਕ, ATM ਅਤੇ Debit Cards ਦੀ ਵਰਤੋਂ ਪਹਿਲਾਂ ਵਾਂਗ ਹੀ ਕਰ ਸਕਦੇ ਹਨ। ਪੇ-ਚੈੱਕ ਅਤੇ ਸੋਸ਼ਲ ਸੈਕਿਓਰਿਟੀ ਲਾਭਾਂ ਦੀ ਪ੍ਰੋਸੈੱਸਿੰਗ ਵੀ ਜਾਰੀ ਰਹੇਗੀ।

ਜਿਨ੍ਹਾਂ ਗਾਹਕਾਂ ਨੇ ਬੈਂਕ ਤੋਂ ਕਰਜ਼ਾ ਲਿਆ ਹੋਇਆ ਹੈ, ਉਨ੍ਹਾਂ ਨੂੰ ਆਪਣੀਆਂ ਕਿਸ਼ਤਾਂ ਪਹਿਲਾਂ ਵਾਂਗ ਹੀ ਜਮ੍ਹਾਂ ਕਰਵਾਉਣੀਆਂ ਪੈਣਗੀਆਂ। ਕਰਜ਼ੇ ਦੀਆਂ ਸ਼ਰਤਾਂ 'ਚ ਕੋਈ ਬਦਲਾਅ ਨਹੀਂ ਕੀਤਾ ਗਿਆ। ਜੇਕਰ ਕਿਸੇ ਗਾਹਕ ਦਾ ਲੋਨ ਪ੍ਰੋਸੈੱਸ 'ਚ ਹੈ ਤਾਂ ਉਹ ਆਪਣੇ ਲੋਨ ਅਫ਼ਸਰ ਨਾਲ ਸੰਪਰਕ ਕਰ ਸਕਦੇ ਹਨ।

30 ਸਤੰਬਰ ਤਕ ਦੀ ਰਿਪੋਰਟ ਅਨੁਸਾਰ ਮੈਟਰੋਪੋਲਿਟਨ ਕੈਪੀਟਲ ਬੈਂਕ ਕੋਲ ਲਗਭਗ 261.1 ਮਿਲੀਅਨ ਡਾਲਰ ਦੀ ਕੁੱਲ ਜਾਇਦਾਦ ਸੀ। ਫ਼ਸਟ ਇੰਡੀਪੈਂਡੈਂਸ ਬੈਂਕ ਨੇ ਇਸ 'ਚੋਂ 251 ਮਿਲੀਅਨ ਡਾਲਰ ਦੀ ਜਾਇਦਾਦ ਖ਼ਰੀਦਣ ਦਾ ਸਮਝੌਤਾ ਕੀਤਾ ਹੈ। ਇਸ ਬੈਂਕ ਦੇ ਫ਼ੇਲ੍ਹ ਹੋਣ ਨਾਲ ਡਿਪੌਜ਼ਿਟ ਇੰਸ਼ੋਰੈਂਸ ਫ਼ੰਡ ਨੂੰ ਲਗਭਗ 19.7 ਮਿਲੀਅਨ ਡਾਲਰ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ।

IDFPR ਦੀ ਐਕਟਿੰਗ ਡਾਇਰੈਕਟਰ ਸੂਜ਼ਨ ਸੋਰਿਐਨੋ ਨੇ ਭਰੋਸਾ ਦਿਵਾਇਆ ਕਿ ਕਿਸੇ ਵੀ ਜਮ੍ਹਾਂਕਰਤਾ ਦਾ ਪੈਸਾ ਨਹੀਂ ਡੁੱਬੇਗਾ। ਵਿਭਾਗ ਦੇ ਸਕੱਤਰ ਮਾਰੀਓ ਟ੍ਰੇਟੋ ਜੂਨੀਅਰ ਨੇ ਕਿਹਾ ਕਿ ਉਨ੍ਹਾਂ ਦੀ ਤਰਜੀਹ ਜਮ੍ਹਾਂਕਰਤਾਵਾਂ ਦੀ ਰੱਖਿਆ ਕਰਨਾ ਅਤੇ ਬੈਂਕਿੰਗ ਪ੍ਰਣਾਲੀ ਨੂੰ ਸੁਰੱਖਿਅਤ ਰੱਖਣਾ ਹੈ। ਗਾਹਕ ਕਿਸੇ ਵੀ ਪੁੱਛਗਿੱਛ ਲਈ FDIC ਦੇ ਟੋਲ-ਫ੍ਰੀ ਨੰਬਰ 1-866-314-1744 'ਤੇ ਸੋਮਵਾਰ ਤੋਂ ਸੰਪਰਕ ਕਰ ਸਕਦੇ ਹਨ।

ਟ੍ਰੇਡ ਵਾਰ 'ਚ ਭਾਰਤ ਦੀ ਜਿੱਤ

ਨਿਊ ਯੌਰਕ: ਅਮਰੀਕਾ ਦੀ ਭਾਰਤ ਨਾਲ ਹੋਈ ਟ੍ਰੇਡ ਡੀਲ ਅਚਾਨਕ ਨਹੀਂ ਹੋਈ। ਇਸ ਦੇ ਪਿੱਛੇ ਹਾਲ ਹੀ ਵਿੱਚ ਭਾਰਤ ਦੀ ਯੌਰਪੀ ਸੰਘ ਨਾਲ ਹੋਈ ਮਦਰ ਆਫ਼ ਆਲ ਡੀਲਜ਼ (ਸਭ ਤੋਂ ਵੱਡੀ ਡੀਲ) ਨੂੰ ਇੱਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ।

ਅਮਰੀਕਾ ਨੇ ਵਪਾਰਕ ਗੱਲਬਾਤ ਨੂੰ ਅੰਤਿਮ ਰੂਪ ਦੇਣ ਲਈ ਪਾਇਆ ਦਬਾਅ: ਏਸ਼ੀਆ ਸੋਸਾਇਟੀ ਪੌਲਿਸੀ ਇੰਸਟੀਚਿਊਟ 'ਚ ਦੱਖਣੀ ਏਸ਼ੀਆ ਮਾਮਲਿਆਂ ਦੀ ਮਾਹਿਰ ਫ਼ਾਰਵਾ ਆਮੇਰ ਨੇ ਦਾਅਵਾ ਕੀਤਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਵਪਾਰਕ ਗੱਲਬਾਤ ਲੰਬੇ ਸਮੇਂ ਤੋਂ ਚੱਲ ਰਹੀ ਸੀ, ਪਰ ਇਸ ਨੂੰ ਅੰਤਿਮ ਪੜਾਅ 'ਤੇ ਪਹੁੰਚਾਉਣ ਲਈ EU ਨੂੰ ਸਿਹਰਾ ਦਿੱਤਾ ਜਾਣਾ ਚਾਹੀਦਾ ਹੈ। ਕਿਸੇ ਵੀ ਨੁਕਸਾਨ ਤੋਂ ਬਚਣ ਲਈ ਅਮਰੀਕਾ ਨੇ ਵਪਾਰਕ ਗੱਲਬਾਤ ਨੂੰ ਫਾਈਨਲ ਕਰਨ ਲਈ ਦਬਾਅ ਪਾਇਆ।

ਆਮੇਰ ਨੇ ਕਿਹਾ ਕਿ ਇਹ ਟਾਈਮਿੰਗ ਦਿਲਚਸਪ ਹੈ ਜੋ EU-FTA ਤੋਂ ਤੁਰੰਤ ਬਾਅਦ ਕਾਹਲੀ 'ਚ ਅਮਲ 'ਚ ਆਈ ਹੈ। ਉਨ੍ਹਾਂ ਕਿਹਾ ਕਿ ਭਾਰਤ ਲਈ ਰੂਸ ਦਾ ਸਵਾਲ ਬਣਿਆ ਹੋਇਆ ਹੈ। ਭਾਵੇਂ ਭਾਰਤ ਨੇ ਤੇਲ ਦਰਾਮਦ ਢਾਂਚੇ 'ਚ ਬਦਲਾਅ ਕਰਦੇ ਹੋਏ ਰੂਸ ਤੋਂ ਤੇਲ ਖ਼ਰੀਦਣਾ ਘਟਾ ਦਿੱਤਾ ਹੈ, ਪਰ ਉਹ ਰੂਸ ਨਾਲ ਸਬੰਧ ਬਣਾਏ ਰੱਖਣਾ ਚਾਹੇਗਾ। ਇੱਕ ਹੋਰ ਮਾਹਿਰ ਵੈਂਡੀ ਕਟਲਰ ਨੇ ਕਿਹਾ ਕਿ ਇਸ ਡੀਲ ਤੋਂ ਬਾਅਦ ਭਾਰਤ ਨੂੰ ਦੱਖਣੀ ਏਸ਼ੀਆ 'ਚ ਬੜ੍ਹਤ ਹਾਸਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹਾ ਲੱਗ ਰਿਹਾ ਹੈ ਕਿ ਅਮਰੀਕਾ ਨੂੰ ਭਾਰਤ ਨਾਲ EU ਨਾਲੋਂ ਬਿਹਤਰ ਡੀਲ ਮਿਲੀ ਹੈ।

Home Care Workers ਅਤੇ Nanies ਲਈ PR 416-848-3930

ਜਬਰਨ ਵਸੂਲੀਆਂ ਨਾਲ ਜੁੜੀ ਗੋਲੀਬਾਰੀ ਮਾਮਲੇ 'ਚ ਸਰੀ 'ਚ ਤਿੰਨ ਹੋਰ ਗ੍ਰਿਫ਼ਤਾਰ

ਮਲਕੀਤ ਸਿੰਘ

ਵੈਨਕੂਵਰ: ਸਰੀ ਸ਼ਹਿਰ 'ਚ ਤੜਕੇ ਇੱਕ ਘਰ 'ਤੇ ਹੋਈ ਗੋਲੀਬਾਰੀ ਦੀ ਘਟਨਾ ਦੇ ਮਾਮਲੇ 'ਚ ਪੁਲੀਸ ਨੇ ਤਿੰਨ ਹੋਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਅਨੁਸਾਰ ਇਹ ਮਾਮਲਾ ਜ਼ਬਰਦਸਤੀ ਵਸੂਲੀ ਨਾਲ ਜੁੜਿਆ ਹੋਇਆ ਦੱਸਿਆ ਜਾ ਰਿਹਾ ਹੈ।ਪੁਲੀਸ ਨੇ ਦੱਸਿਆ ਕਿ ਕਰੈਸੈਂਟ ਬੀਚ ਇਲਾਕੇ 'ਚ ਗਸ਼ਤ ਕਰ ਰਹੇ ਅਧਿਕਾਰੀਆਂ ਨੂੰ ਸਵੇਰੇ ਘਰ ਨੇੜੇ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਮੌਕੇ 'ਤੇ ਪਹੁੰਚ ਕੇ ਇਲਾਕੇ ਨੂੰ ਘੇਰ ਲਿਆ ਗਿਆ ਅਤੇ ਜਾਂਚ ਸ਼ੁਰੂ ਕੀਤੀ ਗਈ। ਘਟਨਾ ਤੋਂ ਬਾਅਦ ਸ਼ੱਕੀ ਵਿਅਕਤੀ ਇੱਕ ਰਾਈਡ ਸਾਂਝੀ ਕਰਨ ਵਾਲੀ ਗੱਡੀ 'ਚ ਬੈਠ ਕੇ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ ਜਿਨ੍ਹਾਂ ਨੂੰ ਪੁਲੀਸ ਵਲੋਂ ਕਾਬੂ ਕਰ ਲਿਆ ਗਿਆਪੁਲੀਸ ਮੁਤਾਬਿਕ ਗੋਲੀਬਾਰੀ 'ਚ ਕਿਸੇ ਦੇ ਗੰਭੀਰ ਜ਼ਖ਼ਮੀ ਹੋਣ ਦੀ ਤਸਦੀਕ ਨਹੀਂ ਹੋਈ, ਪਰ ਮਾਮਲੇ ਦੀ ਜਾਂਚ ਗੰਭੀਰਤਾ ਨਾਲ ਜਾਰੀ ਹੈ। ਗ੍ਰਿਫ਼ਤਾਰ ਕੀਤੇ ਗਏ ਤਿੰਨੋਂ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਕੈਲਗਰੀ 'ਚ ਪੰਜਾਬੀ ਜੋੜੇ ਦੀ ਹੱਤਿਆ

ਗਗਨਦੀਪ

ਕੈਲਗਰੀ: ਜ਼ਿਲ੍ਹਾ ਲੁਧਿਆਣਾ ਦੇ ਪਿੰਡ ਚੌਂਕੀਮਾਨ ਨਾਲ ਸਬੰਧਤ ਏਕਮਵੀਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਜੈਜ਼ਮਿਨ ਕੌਰ ਦੀ ਕੈਨੇਡਾ 'ਚ ਗੋਲੀਆਂ ਲੱਗਣ ਕਾਰਨ ਸ਼ੱਕੀ ਹਾਲਾਤ 'ਚ ਮੌਤ ਹੋ ਗਈ। ਪਹਿਲੀ ਨਜ਼ਰੇ ਇਹ ਮਾਮਲਾ ਕਤਲ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਮੁਤਾਬਿਕ ਏਕਮਵੀਰ ਸਿੰਘ ਅਤੇ ਜੈਜ਼ਮਿਨ ਕੌਰ ਕੈਨੇਡਾ ਦੇ ਸ਼ਹਿਰ ਕੈਲਗਰੀ ਦੇ ਰੈੱਡਸਟੋਨ ਇਲਾਕੇ (ਨੌਰਥ ਈਸਟ) 'ਚ ਰਹਿੰਦੇ ਸਨ ਜਿੱਥੇ ਇਹ ਦਰਦਨਾਕ ਘਟਨਾ ਵਾਪਰੀ। ਘਟਨਾ ਤੋਂ ਬਾਅਦ ਇਲਾਕੇ 'ਚ ਸਨਸਨੀ ਫ਼ੈਲ ਗਈ ਹੈ।ਦੂਜੇ ਪਾਸੇ ਕੈਨੇਡਾ ਪੁਲੀਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਅਤੇ ਘਟਨਾ ਦੇ ਕਾਰਨਾਂ ਬਾਰੇ ਅਜੇ ਤਕ ਕੋਈ ਸਰਕਾਰੀ ਪੁਸ਼ਟੀ ਨਹੀਂ ਹੋ ਸਕੀ। ਜਿਵੇਂ ਹੀ ਇਹ ਖ਼ਬਰ ਇਲਾਕੇ 'ਚ ਪਹੁੰਚੀ ਤਾਂ ਪਰਿਵਾਰ 'ਚ ਕੋਹਰਾਮ ਮਚ ਗਿਆ।

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਦੰਦਾਂ ਦੀ ਦੇਖਭਾਲ 647-625-7205
ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700